# VideshSampark Seminar at Bengaluru

February 26, 2020

……………………………………………………………………………………………………..

## ਬੰਗਲੁਰੂ 'ਚ ਹੋਇਆ ਵਿਦੇਸ਼ ਸੰਪਰਕ ਸੈਮੀਨਾਰ

26 ਫਰਵਰੀ, 2020

ਮਾਨਯੋਗ ਵਿਦੇਸ਼ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਨੇ 26 ਫਰਵਰੀ, 2020 ਨੂੰ ਬੰਗਲੁਰੂ ਵਿੱਚ ਕਰਾਏ ਗਏ ਵਿਦੇਸ਼ ਸੰਪਰਕ ਲੜੀ ਦੇ ਆਯੋਜਨ ਤਹਿਤ ਸਟੇਟ ਆਊਟਰੀਚ ਪ੍ਰੋਗਰਾਮ 'ਚ ਵਿਦੇਸ਼ ਮੰਤਰਾਲੇ ਦੇ ਸੀਨੀਅਰ ਅਧਿਕਾਰੀਆਂ ਦੇ ਵਫਦ ਦੀ ਅਗਵਾਈ ਕੀਤੀ। ਕਰਨਾਟਕ ਸਰਕਾਰ ਦੇ ਮਾਨਯੋਗ ਕਾਨੂੰਨ, ਸੰਸਦੀ ਮਾਮਲੇ, ਵਿਧਾਨ ਅਤੇ ਲਘੂ ਸਿੰਜਾਈ ਮੰਤਰੀ ਸ਼੍ਰੀ ਜੇ ਸੀ ਸੀ ਮਧੂਸਵਾਮੀ ਦੀ ਅਗਵਾਈ ਵਿੱਚ ਕਰਨਾਟਕ ਸਰਕਾਰ ਦੇ ਵਫ਼ਦ ਨੇ ਹਿੱਸਾ ਲਿਆ, ਜਿਸ ਵਿੱਚ ਰਾਜ ਸਰਕਾਰ ਦੇ ਸੀਨੀਅਰ ਅਧਿਕਾਰੀ ਅਤੇ ਉਦਯੋਗ ਦੇ ਨੁਮਾਇੰਦੇ ਸ਼ਾਮਲ ਸਨ। ਭਰਤੀ ਏਜੰਸੀਆਂ ਅਤੇ ਕਰਨਾਟਕ ਦੇ ਹੋਰ ਹਿਤਧਾਰਕਾਂ ਅਤੇ ਮੀਡੀਆ ਨੇ ਇਸ ਵਿਚ ਹਿੱਸਾ ਲਿਆ।

ਵਿਦੇਸ਼ ਮੰਤਰਾਲੇ ਨੇ ਵਿਦੇਸ਼ ਸੰਪਰਕ ਪ੍ਰੋਗਰਾਮ ਤਹਿਤ ਕਰਨਾਟਕ ਸਰਕਾਰ ਦੀ ਭਾਈਵਾਲੀ ਨਾਲ ਸਟੇਟ ਆਊਟਰੀਚ ਪ੍ਰੋਗਰਾਮ ਦਾ ਆਯੋਜਨ ਬੰਗਲੁਰੂ ਵਿੱਚ ਕੀਤਾ। ਵਿਦੇਸ਼ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਅਤੇ ਕਰਨਾਟਕ ਦੇ ਕਾਨੂੰਨ ਮੰਤਰੀ ਸ਼੍ਰੀ ਜੇ ਸੀ ਸੀ ਮਧੂਸਵਾਮੀ ਨੇ ਉਦਘਾਟਨੀ ਸੈਸ਼ਨ ਦੌਰਾਨ ਮੁੱਖ ਭਾਸ਼ਣ ਦਿੱਤੇ।

ਇਸ ਪ੍ਰੋਗਰਾਮ ਦੌਰਾਨ ਹਿਤਧਾਰਕਾਂ ਅਤੇ ਰਾਜ ਦੇ ਅਧਿਕਾਰੀਆਂ ਵਿਚ ਕੌਂਸਲਰ, ਪਾਸਪੋਰਟ ਅਤੇ ਪਰਵਾਸੀ ਭਾਰਤੀਆਂ ਨਾਲ ਜੁੜੇ ਮੁੱਦਿਆਂ ਬਾਰੇ ਸੁਰੱਖਿਅਤ ਅਤੇ ਕਾਨੂੰਨੀ ਪਰਵਾਸ ਮੁਹੱਈਆ ਕਰਵਾਉਣ ਲਈ ਮੰਤਰਾਲੇ ਦੇ ਪ੍ਰੋਗਰਾਮਾਂ, ਯੋਜਨਾਵਾਂ ਅਤੇ ਪਹਿਲਾਂ ਨਾਲ ਜੁੜੀ ਜਾਗਰੂਕਤਾ ਵਧਾਉਣ ਲਈ ਡੂੰਘਾਈ ਨਾਲ ਗੱਲਬਾਤ ਕੀਤੀ ਗਈ। ਇੱਕ ਨਵੀਂ ਪਹਿਲ ਵਿਚ ਵਪਾਰ ਅਤੇ ਨਿਵੇਸ਼ ਨਾਲ ਜੁੜੇ ਮੁੱਦਿਆਂ 'ਤੇ ਪੇਸ਼ਕਾਰੀ ਵੀ ਕੀਤੀ ਗਈ। ਇੰਨਾਂ ਸੈਸ਼ਨਾਂ ਦੌਰਾਨ ਕਈ ਹਿਤਧਾਰਕਾਂ ਨਾਲ ਇੰਟਰਐਕਟਿਵ ਸੈਸ਼ਨਾਂ ਰਾਹੀਂ ਇਸ ਗੱਲ 'ਤੇ ਵਿਚਾਰ ਵਟਾਂਦਰਾ ਕਰਨ ਦਾ ਮੌਕਾ ਪ੍ਰਦਾਨ ਕੀਤਾ ਗਿਆ ਕਿ ਕਿਵੇਂ ਰਾਜ ਸਰਕਾਰ ਅਤੇ ਮੰਤਰਾਲੇ ਇਨ੍ਹਾਂ ਖੇਤਰਾਂ ਨਾਲ ਜੁੜੇ ਮੁੱਦਿਆਂ ਨੂੰ ਹੱਲ ਕਰਨ, ਕਾਰਜ ਪ੍ਰਣਾਲੀ ਨੂੰ ਸੁਚਾਰੂ ਬਣਾਉਣ ਅਤੇ ਸਰਬੋਤਮ ਪ੍ਰਥਾਵਾਂ ਸਾਂਝਾ ਕਰਨ ਲਈ ਤਾਲਮੇਲ ਨੂੰ ਮਜ਼ਬੂਤ ਕਰ ਸਕਦੇ ਹਨ।

ਆਉਣ ਵਾਲੇ ਮਹੀਨਿਆਂ ਵਿਚ ਮੰਤਰਾਲੇ ਦੀ ਵੱਖ-ਵੱਖ ਰਾਜ ਸਰਕਾਰਾਂ ਦੇ ਸਹਿਯੋਗ ਨਾਲ ਕਈ ਸਮਾਗਮਾਂ ਦਾ ਆਯੋਜਨ ਕਰਨ ਦੀ ਯੋਜਨਾ ਹੈ।

ਨਵੀਂ ਦਿੱਲੀ
26 ਫਰਵਰੀ, 2020

DISCLAIMER : This is an approximate translation. The original is available in English on MEA's website and may be referred to as the official press release